# ਆਪਣੇ ਹੱਕਾਂ ਨੂੰ ਜਾਣੋ: ਇਮੀਗ੍ਰੇਸ਼ਨ ਅਤੇ ਆਇਸ (ICE) ਬਾਰੇ ਸੰਖੇਪ ਜਾਣਕਾਰੀ

ਆਖਰੀ ਅੱਪਡੇਟ: ਜਨਵਰੀ 2025

ਇਹ ਜਾਣਕਾਰੀ ਕਾਨੂੰਨੀ ਸਲਾਹ ਨਹੀਂ ਹੈ। ਜੇ ਤੁਹਾਨੂੰ ਖਾਸ ਅਤੇ ਤੁਰੰਤ ਕਾਨੂੰਨੀ ਮਦਦ ਦੀ ਲੋੜ ਹੈ, ਤਾਂ ਸਿੱਖ ਕੋਲੀਸ਼ਨ ਨਾਲ ਸੰਪਰਕ ਕਰੋ। ਸਿੱਖ ਕੋਲੀਸ਼ਨ ਵੱਲੋਂ ਵਿਸਤਾਰ ਵਿੱਚ ਜਾਰੀ ਕੀਤਾ ਗਇਆ 'ਆਪਣੇ ਹੱਕਾਂ ਨੂੰ ਜਾਣੋ' ਸਰੋਤ ਨੂੰ ਇੱਥੇ ਦੇਖੋ, ਅਤੇ ਗੁਰਦੁਆਰਿਆਂ ਲਈ ਹਦਾਇਤਾਂ ਇੱਥੇ ਦੇਖੋ।

---

- ਜੇ ਕੋਈ ਵਿਅਕਤੀ ਆਪਣੇ ਆਪ ਨੂੰ ਕਾਨੂੰਨੀ ਏਜੰਸੀ ਦਾ ਮੈਂਬਰ ਦੱਸੇ, ਤੁਸੀਂ ਹਮੇਸ਼ਾ ਉਸਦੀ ਪਛਾਣ ਦੀ ਮੰਗ ਕਰੋ। ਜੇਕਰ ਉਨ੍ਹਾਂ ਕੋਲ ਪਛਾਣ ਕਾਰਡ ਨਹੀਂ ਹੈ, ਤਾਂ ਤੁਹਾਨੂੰ ਉਨ੍ਹਾਂ ਨਾਲ ਗੱਲ ਕਰਣ ਦੀ ਲੋੜ ਨਹੀਂ ਹੈ।

- ਤੁਹਾਨੂੰ ਆਪਣੀ ਇਮੀਗ੍ਰੇਸ਼ਨ ਸੰਬੰਧੀ ਸਥਿਤੀ ਜਾਂ ਸੰਗਤ ਵਿੱਚ ਕਿਸੇ ਹੋਰ ਦੇ ਇਮੀਗ੍ਰੇਸ਼ਨ ਦਰਜੇ ਬਾਰੇ ਆਇਸ ਏਜੰਟਾਂ ਨਾਲ ਗੱਲ ਕਰਣ ਦੀ ਲੋੜ ਨਹੀਂ ਹੈ। ਜੇਕਰ ਆਇਸ ਏਜੰਟ ਤੁਹਾਨੂੰ ਡਰਾਉਣ ਜਾਂ ਧਮਕਾਉਣ ਦੀ ਕੋਸ਼ਿਸ਼ ਕਰਣ, ਤਾਂ ਵੀ ਤੁਹਾਨੂੰ ਚੁੱਪ ਰਹਿਣ ਦਾ ਅਧਿਕਾਰ ਹੈ।

- ਆਇਸ ਏਜੰਟ ਨਾਲ ਗੱਲਬਾਤ ਤੁਰੰਤ ਖਤਮ ਕਰਣ ਲਈ ਤੁਸੀਂ ਉਨ੍ਹਾਂ ਨੂੰ ਸਰਕਾਰੀ ਦਸਤਾਵੇਜ਼ ਦਿਖਾਓ (ਜਿਵੇਂ ਕਿ ਅਮਰੀਕੀ ਪਾਸਪੋਰਟ, ਗ੍ਰੀਨ ਕਾਰਡ, ਵੀਜ਼ਾ ਦਸਤਾਵੇਜ਼) ਜਾਂ ਉਹਨਾਂ ਕਾਗਜ਼ਾਂ ਦੀ ਫੋਟੋ ਦਿਖਾਓ। ਕਦੇ ਵੀ ਆਇਸ ਏਜੰਟਾਂ ਨੂੰ ਵਿਦੇਸ਼ੀ ਸਰਕਾਰਾਂ ਦੇ ਪਾਸਪੋਰਟ ਨਾ ਦਿਖਾਓ।

- ਜੇਕਰ ਆਇਸ ਤੁਹਾਨੂੰ ਹਿਰਾਸਤ ਵਿੱਚ ਲੈਂਦੀ ਹੈ, ਤਾਂ ਤੁਹਾਨੂੰ ਵਕੀਲ ਕਰਣ ਦਾ ਅਧਿਕਾਰ ਹੈ—ਪਰ ਆਪਣਾ ਵਕੀਲ ਤੁਹਾਨੂੰ ਆਪ ਲੱਭਣਾ ਪਵੇਗਾ। ਸਿੱਖ ਕੋਲੀਸ਼ਨ ਦੀ ਟੀਮ ਤੁਹਾਨੂੰ ਵਕੀਲ ਲੱਭਣ ਵਿੱਚ ਮਦਦ ਕਰ ਸਕਦੀ ਹੈ।

- ਆਇਸ ਨੂੰ ਤੁਹਾਡੇ ਘਰ ਜਾਂ ਕਾਰੋਬਾਰ ਵਰਗੀ ਨਿੱਜੀ ਥਾਂ ਵਿੱਚ ਦਾਖਲ ਹੋਣ ਲਈ 'ਜੁਡੀਸ਼ਲ ਵਾਰੰਟ' ਚਾਹੀਦਾ ਹੈ। ਤੁਸੀਂ ਆਇਸ ਤੋਂ ਵਾਰੰਟ ਦਰਵਾਜ਼ੇ ਜਾਂ ਖਿੜਕੀ ਰਾਹੀਂ ਮੰਗ ਸਕਦੇ ਹੋ। ਜੇਕਰ ਉਨ੍ਹਾਂ ਕੋਲ ਵਾਰੰਟ ਨਹੀਂ ਹੈ ਅਤੇ ਤੁਸੀਂ ਉਨ੍ਹਾਂ ਨੂੰ ਅੰਦਰ ਆਉਣ ਦੀ ਇਜਾਜ਼ਤ ਨਹੀਂ ਦਿੰਦੇ, ਤਾਂ ਉਨ੍ਹਾਂ ਨੂੰ ਓਥੋਂ ਜਾਣਾ ਪਵੇਗਾ।

- ਟਰੰਪ ਪ੍ਰਸ਼ਾਸਨ ਨੇ ਉਹ ਨੀਤੀ ਖਤਮ ਕਰ ਦਿੱਤੀ ਹੈ ਜੋ ਗੁਰਦੁਆਰਿਆਂ ਅਤੇ ਹੋਰ ਧਾਰਮਿਕ ਅਸਥਾਨਾਂ ਨੂੰ ਇਮੀਗ੍ਰੇਸ਼ਨ ਛਾਪਿਆਂ ਤੋਂ ਬਚਾਉਂਦੀ ਸੀ। ਜੇਕਰ ਆਇਸ ਤੁਹਾਡੇ ਗੁਰਦੁਆਰੇ ਆਉਂਦੀ ਹੈ ਤਾਂ ਉਨ੍ਹਾਂ ਤੋਂ ਜੱਜ ਵੱਲੋਂ ਦਸਤਖਤ ਕੀਤੇ ਹੋਏ 'ਜੁਡੀਸ਼ਲ ਵਾਰੰਟ' ਦੀ ਮੰਗ ਕਰੋ। ਜੇਕਰ ਉਨ੍ਹਾਂ ਕੋਲ ਵਾਰੰਟ ਨਹੀਂ ਹੈ, ਤੁਸੀਂ ਉਨ੍ਹਾਂ ਨੂੰ ਚਲੇ ਜਾਣ ਲਈ ਕਹੋ।

- ਗੁਰਦੁਆਰੇ ਵਿੱਚ ਕਿਸੇ ਨੂੰ ਵੀ ਆਇਸ ਨਾਲ ਗੱਲ ਕਰਣ ਦੀ ਲੋੜ ਨਹੀਂ ਤੇ ਨਾਂ ਹੀ ਸੰਗਤ ਬਾਰੇ ਉਨ੍ਹਾਂ ਦੇ ਪ੍ਰਸ਼ਨਾਂ ਦਾ ਉੱਤਰ ਦੇਣ ਦੀ ਲੋੜ ਹੈ।

ਜੇ ਉਸ ਵੇਲੇ ਤੁਹਾਨੂੰ ਕੋਈ ਸ਼ੰਕਾ ਹੋਵੇ ਤਾਂ ਇਹ ਕਹੋ: "ਅਮਰੀਕਾ ਦੇ ਸੰਵਿਧਾਨ ਦੀ 5ਵੀਂ ਅਮੈਨ੍ਡਮੈਂਟ ਦੇ ਅਧਾਰ ਤੇ ਮੈਂ ਨਾਂ ਤਾਂ ਤੁਹਾਡੇ ਨਾਲ ਗੱਲ ਕਰਣਾ ਚਾਹੁੰਦਾ, ਨਾਂ ਹੀ ਆਪਣੀ ਇਮੀਗ੍ਰੇਸ਼ਨ ਦੀ ਸਥਿਤੀ ਬਾਰੇ ਤੁਹਾਡੇ ਪ੍ਰਸ਼ਨਾਂ ਦਾ ਜਵਾਬ ਦੇਣਾ ਚਾਹੁੰਦਾ, ਤੇ ਨਾਂ ਹੀ ਕਿਸੇ ਦਸਤਾਵੇਜ਼ 'ਤੇ ਹਸਤਾਖਰ ਕਰਕੇ ਤੁਹਾਡੇ ਹਵਾਲੇ ਕਰਣਾ ਚਾਹੁੰਦਾ ਹਾਂ।"